ASSOCIATION OF NEIGHBOURHOOD HOUSES BC
203-3102 Main St., Vancouver, BC V5T 3G7 | P 604.875.9111 | F 604.875.1256 | anhbc.org

## ਕੋਰੋਨਾਵਾਇਰਸ ਬੀਮਾਰੀ (ਕੋਵਿਡ 19) ਬਾਰੇ

ਇਕ ਨਵਾਂ ਕੋਰੋਨਾਵਾਇਰਸ ਸਾਹ ਦੀਆਂ ਇਨਫੈਕਸ਼ਨਾਂ ਦੇ ਫੈਲਣ ਦਾ ਕਾਰਨ ਬਣਿਆ ਹੈ ਜਿਹੜਾ ਹੁਣ ਕੋਵਿਡ-19 ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਦੁਨੀਆ ਭਰ ਵਿਚ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਬਦਲ ਰਹੀ ਹੈ।

ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਸਾਡੇ ਨੇੱਬਰਹੁੱਡ ਹਾਊਸਿਜ਼/ਕੈਂਪ ਦੀਆਂ ਸੇਵਾਵਾਂ ਵਿਚ ਹਿੱਸਾ ਲੈਣ ਵਾਲਿਆਂ, ਸਟਾਫ ਅਤੇ ਲੋਕਲ ਕਮਿਉਨਟੀਆਂ ਦੀ ਸਿਹਤ ਅਤੇ ਸੁਰੱਖਿਆ ਦੀ ਏ ਐੱਨ ਐੱਚ ਬੀ ਸੀ ਕਿਵੇਂ ਰੱਖਿਆ ਕਰ ਰਹੀ ਹੈ। ਅਸੀਂ ਹਾਊਸ/ਕੈਂਪ ਦੇ ਕਾਰਜਾਂ ਉੱਪਰ ਕਿਸੇ ਵੀ ਸੰਭਵ ਅਸਰ ਨੂੰ ਘਟਾਉਣ ਲਈ ਸਖਤ ਮਿਹਨਤ ਕਰ ਰਹੇ ਹਾਂ, ਇਹ ਅਹਿਸਾਸ ਕਰਦੇ ਹੋਏ ਕਿ ਸਾਡੀ ਕਮਿਉਨਟੀ ਵਿਚ ਬਹੁਤ ਸਾਰੇ ਲੋਕ ਹਰ ਰੋਜ਼ ਸਾਡੇ ਪ੍ਰੋਗਰਾਮਾਂ ਅਤੇ ਸੇਵਾਵਾਂ ਉੱਪਰ ਨਿਰਭਰ ਕਰਦੇ ਹਨ। ਸਾਡੇ ਨੇੱਬਰਹੁੱਡ ਹਾਊਸਿਜ਼ ਅਤੇ ਕੈਂਪ ਵਿਚ ਸੇਫਟੀ ਅਤੇ ਸਿਹਤ ਸਦਾ ਹੀ ਸਾਡੀ ਸਭ ਤੋਂ ਪਹਿਲੀ ਤਰਜੀਹ ਰਹੀ ਹੈ।

ਬ੍ਰਿਟਿਸ਼ ਕੋਲੰਬੀਆ ਦੇ ਹੈਲਥ ਸਿਸਟਮ ਨੇ ਕੋਵਿਡ-19 ਨੂੰ ਕਾਬੂ ਅਤੇ ਕੰਟਰੋਲ ਵਿਚ ਰੱਖਣ ਲਈ ਇਕ ਤੇਜ਼ ਰਿਸਪੌਂਸ ਪਲੈਨ ਸ਼ੁਰੂ ਕੀਤੀ ਹੈ। ਅਸੀਂ ਭਰੋਸੇਯੋਗ ਅਤੇ ਗਿਆਨ ਵਾਲੇ ਵਸੀਲਿਆਂ ਤੋਂ ਮਿਲਣ ਵਾਲੀ ਜਾਣਕਾਰੀ ਅਤੇ ਸਿਫਾਰਸ਼ਾਂ 'ਤੇ ਕਾਰਵਾਈ ਕਰ ਰਹੇ ਹਾਂ ਜਿਨ੍ਹਾਂ ਵਿਚ **ਔਫਿਸ ਔਫ ਦਿ ਪ੍ਰੋਵਿੰਸ਼ੀਅਲ ਹੈਲਥ ਔਫੀਸਰ, ਵੈਨਕੂਵਰ ਕੋਸਟਲ ਹੈਲਥ, ਫਰੇਜ਼ਰ ਹੈਲਥ, ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ** ਅਤੇ **ਕੈਨੇਡਾ ਦੀ ਪਬਲਿਕ ਹੈਲਥ ਏਜੰਸੀ** ਸ਼ਾਮਲ ਹਨ।

ਬੀ.ਸੀ. ਵਿਚ ਕੋਰੋਨਾਵਾਇਰਸ ਦੇ 53 ਪੱਕੇ ਕੇਸ ਹਨ; ਫਿਰ ਵੀ ਕੈਨੇਡੀਅਨਾਂ ਲਈ ਖਤਰਾ ਅਜੇ ਵੀ ਘੱਟ ਹੈ। ਇਨ੍ਹਾਂ ਕੇਸਾਂ ਦੀ ਪੈੜ ਫੜਨ ਅਤੇ ਘੇਰੇ ਵਿਚ ਰੱਖਣ ਲਈ ਹੈਲਥ ਅਥਾਰਟੀਆਂ ਕੰਮ ਕਰ ਰਹੀਆਂ ਹਨ।

ਅੱਜ ਦੀ ਤਾਰੀਕ ਤੱਕ ਮਿਲੀ ਭਰੋਸੇਯੋਗ ਜਾਣਕਾਰੀ ਦੇ ਆਧਾਰ 'ਤੇ, ਸਾਡੇ ਨੇੱਬਰਹੁੱਡ ਹਾਊਸ ਅਤੇ ਕੈਂਪ, ਇਸ ਵੇਲੇ ਬਿਨਾਂ ਕਿਸੇ ਵਿਘਨ ਦੇ ਕਮਿਉਨਟੀ ਨੂੰ ਸਾਰੇ ਆਮ ਪ੍ਰੋਗਰਾਮ ਅਤੇ ਸੇਵਾਵਾਂ ਦੇਣਾ ਜਾਰੀ ਰੱਖਣਗੇ। ਸਾਰੇ ਹਾਊਸਿਜ਼/ਕੈਂਪ ਨੇ ਸਫਾਈ ਅਤੇ ਸੈਨੀਟੇਸ਼ਨ ਦੇ ਵਧੇ ਹੋਏ ਮਾਪਦੰਡ ਲਾਗੂ ਕੀਤੇ ਹਨ ਅਤੇ ਹਿੱਸਾ ਲੈਣ ਵਾਲਿਆਂ ਅਤੇ ਸਟਾਫ ਦੀ ਮਦਦ ਲਈ ਕੋਵਿਡ 19 ਬਾਰੇ ਜਾਣਕਾਰੀ ਲਗਾਈ ਅਤੇ ਉਪਲਬਧ ਕਰਵਾਈ ਹੈ।

ਅਸੀਂ ਇਹ ਬੇਨਤੀ ਕਰਦੇ ਹਾਂ ਕਿ ਕਮਿਉਨਟੀ ਵਿਚ ਹਰ ਕੋਈ ਪੀ ਐੱਚ ਏ ਸੀ ਵਲੋਂ ਦਿੱਤੀ ਗਈ ਅੱਗੇ ਲਿਖੀ ਸਲਾਹ ਦੀ ਪਾਲਣਾ ਕਰਕੇ ਕੋਵਿਡ 19 ਦੇ ਫੈਲਣ ਨੂੰ ਰੋਕਣ ਵਿਚ ਮਦਦ ਕਰੇ:

- ਆਪਣੇ ਹੱਥ ਅਕਸਰ ਸਾਬਣ ਅਤੇ ਪਾਣੀ ਨਾਲ ਘੱਟੋ ਘੱਟ 20 ਸਕਿੰਟਾਂ ਲਈ ਧੋਵੋ
- ਆਪਣੀਆਂ ਅੱਖਾਂ, ਨੱਕ, ਮੂੰਹ ਨੂੰ ਹੱਥ ਲਾਉਣ ਤੋਂ ਪਰਹੇਜ਼ ਕਰੋ ਖਾਸ ਕਰਕੇ ਅਣਧੋਤੇ ਹੱਥਾਂ ਨਾਲ
- ਬੀਮਾਰ ਲੋਕਾਂ ਦੇ ਨੇੜੇ ਜਾਣ ਤੋਂ ਪਰਹੇਜ਼ ਕਰੋ
- ਖੰਘਣ ਜਾਂ ਛਿੱਕ ਮਾਰਨ ਵੇਲੇ, ਜਰਾਸੀਮਾਂ ਦੇ ਫੈਲਣ ਨੂੰ ਘੱਟ ਕਰਨ ਲਈ ਆਪਣੇ ਮੂੰਹ ਅਤੇ ਨੱਕ ਨੂੰ ਆਪਣੀ ਬਾਂਹ ਜਾਂ ਟਿਸ਼ੂਆਂ ਨਾਲ ਢਕੋ
- ਅਕਸਰ ਹੱਥ ਲੱਗਣ ਵਾਲੀਆਂ ਚੀਜ਼ਾਂ ਅਤੇ ਥਾਂਵਾਂ ਨੂੰ ਸਾਫ ਅਤੇ ਡਿਸਇਨਫੈਕਟ (ਰੋਗਾਣੂ-ਮੁਕਤ) ਕਰੋ ਜਿਵੇਂ ਕਿ ਖਿਡੌਣੇ, ਇਲੈਕਟਰੌਨਿਕਸ ਅਤੇ ਦਰਵਾਜ਼ਿਆਂ ਦੇ ਮੁੱਠੇ।
- ਜੇ ਤੁਸੀਂ ਬੀਮਾਰ ਹੋਵੋ ਤਾਂ ਬੀਮਾਰੀ ਦੂਜਿਆਂ ਤੱਕ ਫੈਲਣ ਤੋਂ ਪਰਹੇਜ਼ ਕਰਨ ਲਈ ਘਰ ਰਹੋ

ਅਸੀਂ ਇਸ ਉਭਰ ਰਹੀ ਹਾਲਤ ਦੀ ਨਿਗਰਾਨੀ ਕਰਨਾ ਜਾਰੀ ਰੱਖਾਂਗੇ ਅਤੇ ਜੇ ਕੋਈ ਹੋਰ ਨਵੀਂ ਜਾਣਕਾਰੀ ਦੇਣ ਦੀ ਲੋੜ ਪਈ ਤਾਂ ਅਸੀਂ ਫੌਰਨ ਨੇੱਬਰਹੁੱਡ ਹਾਊਸ ਕਮਿਉਨਟੀ ਦੇ ਸਾਰੇ ਮੈਂਬਰਾਂ ਨੂੰ ਦੱਸਾਂਗੇ।

### ਕੋਵਿਡ-19 ਬਾਰੇ ਜ਼ਿਆਦਾ ਜਾਣਕਾਰੀ ਲਈ:

BC Centre for Disease Control
Office of the Provincial Health Officer BC
Public Health Agency of Canada